**ਪੰਜਾਬੀ—104**

**XII (ਬਾਰ੍ਹਵੀਂ)**

# MARKING SCHEME (ਉੱਤਰ ਕੁੰਜੀ)

**(ਸੈਸ਼ਨ 2026-27)**

## ਭਾਗ-1: ਪੜ੍ਹਨ ਕੌਸ਼ਲ (Part-I: Reading Skill) 8+8+7=23

1. ਵਾਰਤਕ ਪੈਰੇ ਦੇ **ਬਹੁ-ਵਿਕਲਪੀ ਪ੍ਰਸ਼ਨਾਂ** ਦੇ ਉੱਤਰ –

   **(i)** (**D**) ਗੀਤਾਂ ਦਾ ਦੇਸ

   **(ii)** (**C**) ਗੀਤਾਂ ਦੀ

   **(iii)** (**A**) ਪੰਜਾਬੀ ਗੀਤ

   **(iv)** (**A**) ਮਰਨ

   **(v)** (**B**) ਪੰਜਾਬੀ ਗੀਤ

   **(vi)** (**A**) ਬਚਪਨ

   **(vii)** (**B**) ਗੀਤਾਂ ਦਾ

   **(viii)** (**A**) ਰਹਿਣ-ਬਹਿਣੀ ਅਤੇ ਸੱਭਿਅਤਾ

## ਭਾਗ-2: ਪ੍ਰਭਾਵਸ਼ਾਲੀ ਲਿਖਣ-ਕੌਸ਼ਲ (Part-II: Writing Skill) 8

2. ਤੁਸੀਂ ਪਿਛਲੇ ਸਾਲ ਇੱਕ **ਫ੍ਰਿਜ** ਖਰੀਦਿਆ ਸੀ ਪਰ ਉਹ ਠੀਕ ਕੰਮ ਨਹੀਂ ਕਰ ਰਿਹਾ। ਡੀਲਰ ਨੂੰ ਫ੍ਰਿਜ ਬਦਲਣ ਲਈ ਪੱਤਰ ਲਿਖੋ।

| | |
|---|---|
| **ਅਰੰਭਲਾ ਭਾਗ** | **3 ਅੰਕ** |
| **ਵਿਚਕਾਰਲਾ ਭਾਗ** | **4 ਅੰਕ** |
| **ਅੰਤਲਾ ਭਾਗ** | **1 ਅੰਕ** |

**(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।**

**ਜਾਂ**

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸੂਚਨਾ ਅਧਿਕਾਰੀ ਨੂੰ ਇੱਕ ਪੱਤਰ ਲਿਖੋ, ਜਿਸ ਵਿੱਚ ਸਾਉਣੀ ਦੀਆਂ ਫ਼ਸਲਾਂ ਦੇ ਬੀਜਾਂ ਦੀ ਉਪਲਬੱਧਤਾ, ਸਿਖਲਾਈ ਪ੍ਰੋਗਰਾਮ, ਖੇਤੀਬਾੜੀ ਸਾਹਿਤ ਤੇ ਸਾਉਣੀ ਦੀਆਂ ਫ਼ਸਲਾਂ ਨੂੰ ਸੰਭਾਵਿਤ ਰੋਗਾਂ ਅਤੇ ਰੋਕਥਾਮ ਬਾਰੇ ਵੇਰਵਿਆਂ ਦੀ ਮੰਗ ਕਰੋ।

| | |
|---|---|
| **ਅਰੰਭਲਾ ਭਾਗ** | **3 ਅੰਕ** |
| **ਵਿਚਕਾਰਲਾ ਭਾਗ** | **4 ਅੰਕ** |
| **ਅੰਤਲਾ ਭਾਗ** | **1 ਅੰਕ** |

**(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।**

3. **ਕਿਸੇ ਇੱਕ** ਵਿਸ਼ੇ 'ਤੇ 125 ਤੋਂ 150 ਸ਼ਬਦਾਂ ਵਿੱਚ ਪੈਰਾ-ਰਚਨਾ ਕਰੋ। 7

**ਭਰੂਣ-ਹੱਤਿਆ**

| | |
|---|---|
| ਵਿਸ਼ੇ ਦੀ ਪੇਸ਼ਕਾਰੀ | 2 ਅੰਕ |
| ਵਿਸ਼ੇ ਦਾ ਗਿਆਨ | 3 ਅੰਕ |
| ਸ਼ਬਦ ਚੋਣ | 1 ਅੰਕ |
| ਸ਼ਬਦ-ਜੋੜ | 1 ਅੰਕ |

**(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।**

**ਜਾਂ**

**ਘਰ ਦਾ ਪਿਆਰ**

| | |
|---|---|
| ਵਿਸ਼ੇ ਦੀ ਪੇਸ਼ਕਾਰੀ | 2 ਅੰਕ |
| ਵਿਸ਼ੇ ਦਾ ਗਿਆਨ | 3 ਅੰਕ |
| ਸ਼ਬਦ ਚੋਣ | 1 ਅੰਕ |
| ਸ਼ਬਦ-ਜੋੜ | 1 ਅੰਕ |

**(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।**

## ਭਾਗ-3: ਵਿਹਾਰਕ ਵਿਆਕਰਨ (Part-III: Grammar) 13

4. **ਵਾਕ-ਵਟਾਂਦਰਾ** (3X1)**3**

(i) ਅੱਗੇ ਵਧੋ ਅਤੇ ਵੈਰੀ ਦੇ ਦੰਦ ਖੱਟੇ ਕਰੋ।

(ii) ਚਾਹ ਸੁਖਵਿੰਦਰ ਦੁਆਰਾ ਪੀਤੀ ਗਈ।

(iii) ਦਵਾਈ ਖਾ ਕੇ ਤੰਦਰੁਸਤ ਹੋ ਜਾਓ।

(iv) ਤੁਹਾਡੇ ਭਰਾ ਦਾ ਨਾਂ ਕੀ ਹੈ?

5. **ਅਖਾਣ/ਅਖਾਉਤਾਂ** (5X2)**10**

(i) (**ਸੱਚਾਈ ਦੇ ਰਸਤੇ ਚੱਲਣ ਵਾਲਿਆਂ ਦੀ ਦੁਨੀਆਂ ਪ੍ਰਸ਼ੰਸਾ ਕਰਦੀ ਹੈ**) ਸਾਡੇ ਪਿੰਡ ਦੇ ਪੜ੍ਹੇ-ਲਿਖੇ ਸਰਪੰਚ ਨੇ ਗਲੀਆਂ ਪੱਕੀਆਂ ਕਰਵਾ ਕੇ, ਗੰਦੇ ਪਾਣੀ ਦੇ ਨਿਕਾਸ ਦਾ ਯੋਗ ਪ੍ਰਬੰਧ ਕਰਕੇ ਪਿੰਡ ਦੀ ਕਾਇਆ ਪਲਟ ਦਿੱਤੀ. ਉਸ ਦੇ ਕੰਮਾਂ ਦੀ ਹਰ ਕੋਈ ਤਾਰੀਫ਼ ਕਰਦਾ ਹੈ। ਠੀਕ ਹੀ ਹੈ 'ਸੱਚੇ ਮਾਰਗ ਚਲਦਿਆਂ ਉਸਤਤ ਕਰੇ ਜਹਾਨ।'

(ii) (**ਮਿਲ੍ਹ-ਜੁਲ ਕੇ ਰਹਿਣ ਦੇ ਬਹੁਤ ਲਾਭ ਹੁੰਦੇ ਹਨ**) ਗਿਆਨੀ ਜੀ ਨੇ ਅਨੰਦ ਕਾਰਜ ਸਮੇਂ ਨਵੀਂ ਵਿਆਹੀ ਜੋੜੀ ਨੂੰ ਸਿੱਖਿਆ ਦਿੰਦਿਆਂ ਕਿਹਾ, 'ਬੱਚਿਓ! ਤੁਸੀਂ ਧਿਆਨ ਰੱਖਣਾ ਪਤੀ-ਪਤਨੀ ਵਿੱਚੋਂ ਕੋਈ ਵੀ ਦੁਖੀ ਹੋਵੇ ਤਾਂ ਇਕੱਲੇ-ਇਕੱਲੇ ਖੁਸ਼ੀ ਨਹੀਂ ਰਹਿ ਸਕੋਂਗੇ। ਜੇ ਤੁਸੀਂ ਦੋਵੇਂ ਇੱਕ-ਦੂਜੇ ਨੂੰ ਖੁਸ਼ ਰੱਖਣ ਦੀ ਕੋਸ਼ਿਸ਼ ਕਰੋਂਗੇ ਤਾਂ ਹੀ ਖੁਸ਼ ਰਹੋਂਗੇ। ਇਹ ਜ਼ਿੰਦਗੀ ਦੀ ਅਟੱਲ ਸੱਚਾਈ ਹੈ ਕਿ 'ਹੱਥ ਨੂੰ ਹੱਥ ਧੋਂਦਾ ਹੈ।'

(iii) (**ਮਾੜੇ ਦਿਨ ਆਉਣ ਤੇ ਇਨਸਾਨ ਪੁੱਠੇ ਕੰਮ ਕਰਦਾ ਹੈ**) ਦੁੱਲੇ ਦੀਆਂ ਸਰਕਾਰੀ ਲੁੱਟਾਂ-ਖੋਹਾਂ ਨੂੰ ਸੁਣ ਕੇ ਬਾਦਸ਼ਾਹ ਗੁੱਸੇ ਵਿੱਚ ਆ ਗਿਆ ਤੇ ਕਹਿਣ ਲੱਗਾ, 'ਮੇਰੇ ਬਹਾਦਰ ਸਰਦਾਰੋ!' ਦੁੱਲੇ ਨੂੰ ਮੁਸ਼ਕਾਂ ਬੰਨ੍ਹ ਕੇ ਦਰਬਾਰ ਵਿੱਚ ਲਿਆਓ। 'ਜਦੋਂ ਗਿੱਦੜ ਦੀ ਮੌਤ ਆਉਂਦੀ ਹੈ ਤਾਂ ਉਹ ਸ਼ਹਿਰ ਵੱਲ ਭੱਜਦਾ ਹੈ।' ਦੁੱਲੇ ਦਾ ਦਿਮਾਗ ਖ਼ਰਾਬ ਹੋ ਗਿਆ ਲੱਗਦਾ ਹੈ।

(iv) (**ਜਦੋਂ ਇੱਕ ਨੂੰ ਵੇਖ ਕੇ ਸਭ ਨੂੰ ਕੰਮ ਕਰਨ ਦੀ ਰੀਸ ਆਵੇ**) ਮਨਿੰਦਰ ਨੇ ਕਿਸੇ ਸ਼ਬਦ ਦਾ ਅਰਥ ਦੇਖਣ ਲਈ ਡਿਕਸ਼ਨਰੀ ਕੱਢੀ ਤਾਂ ਸੁਰਜੀਤ ਕਹਿਣ ਲੱਗੀ, ਜ਼ਰਾ ਮੈਨੂੰ ਵੀ ਦੇਈ ਡਿਕਸ਼ਨਰੀ ਮੈਂ ਵੀ ਇੱਕ ਸ਼ਬਦ ਦੇ ਅਰਥ ਦੇਖਣੇ ਹਨ। ਹਰਜੀਤ ਨੇ ਵੀ ਡਿਕਸ਼ਨਰੀ ਲਈ ਅਵਾਜ਼ ਮਾਰ ਦਿੱਤੀ। ਮਨਿੰਦਰ ਕਹਿਣ ਲੱਗੀ ਇਹ ਤਾਂ ਉਹੀ ਗੱਲ ਹੋਈ—'ਘੜੇ ਨੂੰ ਹੱਥ ਲਾਇਆ ਸਾਰ ਟੱਬਰ ਤਿਹਾਇਆ।'

(v) (**ਜਦੋਂ ਨਵੀਂ ਚੀਜ਼ ਦੀ ਥਾਂ ਤੇ ਪੁਰਾਣੀ ਦੇ ਫਾਇਦੇ ਦੱਸੇ ਜਾਣ**) ਅਮੀਤੋਜ ਪੁਰਾਣੀ ਕਾਰ ਵੇਚ ਕੇ ਨਵੀਂ ਕਾਰ ਲੈਣ ਦੀ ਜ਼ਿੱਦ ਕਰ ਰਿਹਾ ਸੀ ਤਾਂ ਉਸ ਦੇ ਪਿਤਾ ਜੀ ਨੇ ਕਿਹਾ ਕਿ ਨਵੀਂ ਕਾਰ ਨੇ ਵੀ ਤਾਂ ਤਾਂ ਕਦੇ ਪੁਰਾਣੀ ਹੋ ਜਾਣਾ ਹੈ। ਅਜੇ ਆਪਣੀ ਪੁਰਾਣੀ ਕਾਰ ਵਧੀਆ ਕੰਮ ਚਲਾ ਰਹੀ ਹੈ ਤੈਨੂੰ ਪਤਾ ਹੋਣਾ ਚਾਹੀਦਾ, 'ਨਵਾਂ ਨੌਂ ਦਿਨ ਪੁਰਾਣਾ ਸੌ ਦਿਨ।'

(vi) (**ਸਮਾਂ ਲੰਘ ਜਾਣ ਤੋਂ ਬਾਅਦ ਕੰਮ ਕਰਨ ਦਾ ਕੋਈ ਲਾਭ ਨਹੀਂ ਹੁੰਦਾ**)-ਹਰਦੇਵ ਸਾਰਾ ਸਾਲ ਤਾਂ ਪੜ੍ਹਦਾ ਨਹੀਂ ਤੇ ਇਮਤਿਹਾਨ ਵੇਲੇ ਸਭ ਕੋਲੋਂ ਕਾਪੀਆਂ ਮੰਗਦਾ ਫਿਰਦਾ ਹੈ ਪਰ ਉਸ ਨੂੰ ਕੋਈ ਕਾਪੀ ਨਹੀਂ ਦਿੰਦਾ ਤੇ ਨਾ ਹੀ ਉਸ ਨੂੰ ਪੜ੍ਹਿਆ ਯਾਦ ਰਹਿੰਦਾ ਹੈ। ਸਿਆਣਿਆਂ ਨੇ ਠੀਕ ਹੀ ਕਿਹਾ ਹੈ ਕਿ, 'ਵੇਲੇ ਦੀ ਨਮਾਜ਼ ਕੁਵੇਲੇ ਦੀਆਂ ਟੱਕਰਾਂ।'

## (Part-IV: Text Books based questions)

## ਸਾਹਿਤ 4 : (ਪਾਠ-ਪੁਸਤਕ ਆਧਾਰਿਤ ਪ੍ਰਸ਼ਨ) 44

### ਕਵਿਤਾਵਾਂ ਵਿੱਚੋਂ 12

6. ਹੇਠ ਦਿੱਤੀਆਂ ਗਈਆਂ ਕਾਵਿ-ਟੁਕੜੀਆਂ ਵਿੱਚੋਂ **ਕਿਸੇ ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ—3+5=8

**ਚੁੰਮ ਚੁੰਮ ਰੱਖੋ ਨੀ,.........ਖੁਸ਼ੀ ਸੰਸਾਰ ਦੀ,**

**ਪ੍ਰਸੰਗ**-ਇਹ ਕਾਵਿ-ਸਤਰਾਂ 'ਲਾਜ਼ਮੀ ਪੰਜਾਬੀ-12' ਨਾਂ ਦੀ ਪਾਠ-ਪੁਸਤਕ ਵਿੱਚ ਸ਼ਾਮਲ ਨੰਦ ਲਾਲ ਨੂਰਪੁਰੀ ਦੇ ਧਾਰਮਿਕ ਗੀਤ 'ਚੁੰਮ ਚੁੰਮ ਰੱਖੋ' ਵਿੱਚੋਂ ਲਈਆਂ ਗਈਆਂ ਹਨ। ਇਹਨਾਂ ਸਤਰਾਂ ਵਿੱਚ ਕਵੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਵੱਡੇ ਸਾਹਿਬਜ਼ਾਦਿਆਂ ਅਜੀਤ ਸਿੰਘ ਅਤੇ ਜੁਝਾਰ ਸਿੰਘ ਦੇ ਯੁੱਧ ਵਿੱਚ ਜਾਣ ਤੋਂ ਬਾਅਦ ਵਾਪਸੀ ਦੀ ਉਡੀਕ ਕਰਦਿਆਂ ਮਾਤਾ ਗੁਜਰੀ ਦੇ ਮਨ ਦੇ ਭਾਵ ਅਤੇ ਵਲਵਲੇ ਬਿਆਨ ਕੀਤੇ ਹਨ।

**ਵਿਆਖਿਆ**- ਮਾਤਾ ਗੁਜਰੀ ਜੀ ਆਪਣੀਆਂ ਸਹੇਲੀਆਂ, ਗੁਰੂ ਘਰ ਨਾਲ਼ ਪਿਆਰ ਰੱਖਣ ਵਾਲ਼ੀਆਂ ਔਰਤਾਂ ਨੂੰ ਜੁਝਾਰ ਸਿੰਘ ਦੀ ਕਲਗੀ ਨੂੰ ਚੁੰਮ ਕੇ ਭਾਵ ਬੜੇ ਸਤਿਕਾਰ, ਪਿਆਰ ਨਾਲ ਰੱਖਣ ਵਾਸਤੇ ਕਹਿ ਰਹੇ ਹਨ। ਉਹ ਸਭ ਨੂੰ ਉਹਨਾਂ ਦੇ ਸੁਆਗਤ ਲਈ ਫੁੱਲਾਂ ਦੇ ਹਾਰ ਗੁੰਦਣ ਅਤੇ ਹੀਰਿਆਂ ਦੇ ਹਾਰ ਦੀਆਂ ਲੜੀਆਂ ਬਣਾਉਣ ਲਈ ਕਹਿ ਰਹੇ ਹਨ ਕਿਉਂਕਿ ਉਹਨਾਂ ਨੂੰ ਉਮੀਦ ਹੈ ਕਿ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜਦੋਂ

ਚਮਕੌਰ ਦੀ ਜੰਗ ਜਿੱਤ ਕੇ ਆਉਣਗੇ ਤਾਂ ਹਾਰ ਪਾ ਕੇ ਉਹਨਾਂ ਦਾ ਸੁਆਗਤ ਕੀਤਾ ਜਾਵੇਗਾ। ਉਹਨਾਂ ਚੰਨ ਵਰਗੇ ਪੁੱਤਰਾਂ ਦੇ ਚਿਹਰੇ ਜਿੱਤ ਦੀ ਖੁਸ਼ੀ ਵਿੱਚ ਚੰਨ ਵਾਂਗ ਮੁਸਕਰਾਉਂਦੇ ਦਿੱਸਣਗੇ। ਸੰਸਾਰ ਦੀ ਸਾਰੀ ਖੁਸ਼ੀ ਵਿਹੜੇ ਵਿੱਚ ਠਾਠਾਂ ਮਾਰਦੀ ਨਜ਼ਰ ਆਵੇਗੀ, ਇਸ ਲਈ ਉਹ ਸਭ ਨੂੰ ਜੁਝਾਰ ਸਿੰਘ ਦੀ ਕਲਗੀ ਨੂੰ ਚੁੰਮ ਕੇ ਰੱਖਣ ਲਈ ਕਹਿ ਰਹੇ ਹਨ।

**ਜਾਂ**

**ਲੱਪ ਕੁ ਏ......ਭੱਠੀ ਵਾਲੀਏ।**

**ਪ੍ਰਸੰਗ**-ਇਹ ਕਾਵਿ ਸਤਰਾਂ 'ਲਾਜ਼ਮੀ ਪੰਜਾਬੀ-12' ਨਾਂ ਦੀ ਪਾਠ-ਪੁਸਤਕ ਵਿੱਚ ਸ਼ਾਮਲ 'ਗੀਤ' ਵਿੱਚੋਂ ਲਈਆਂ ਗਈਆਂ ਹਨ। ਇਸ ਦੇ ਰਚਨਾਕਾਰ ਸ਼ਿਵ ਕੁਮਾਰ ਬਟਾਲਵੀ ਹਨ। ਇਸ ਕਵਿਤਾ ਵਿੱਚ ਕਵੀ ਭੱਠੀ ਵਾਲੀ ਨੂੰ ਆਪਣੇ ਦੁੱਖਾਂ ਨੂੰ ਤੇਜ਼ ਕਰਨ ਅਤੇ ਭੁੰਨਣ ਲਈ ਕਹਿੰਦਾ ਹੈ ਤਾਂ ਜੋ ਉਹ ਛੇਤੀ ਆਪਣੀ ਪ੍ਰੇਮਿਕਾ ਕੋਲ਼ ਪਹੁੰਚ ਸਕੇ।

**ਵਿਆਖਿਆ**- ਇਹਨਾਂ ਸਤਰਾਂ ਵਿੱਚ ਕਵੀ ਮੌਤ ਦਾ ਪ੍ਰਤੀਕ ਭੱਠੀ ਵਾਲ਼ੀ ਨੂੰ ਕਹਿੰਦਾ ਹੈ ਕਿ ਉਸ ਕੋਲ ਤਾਂ ਬਸ ਮੁੱਠੀ ਭਰ ਹੀ ਦਾਣੇ ਹਨ, ਭਾਵ ਉਹ ਬਹੁਤ ਦੁੱਖ ਹੰਢਾ ਚੁੱਕਾ ਹੈ ਅਤੇ ਹੁਣ ਥੋੜ੍ਹੇ ਬਾਕੀ ਰਹਿ ਗਏ ਹਨ, ਜਿਨ੍ਹਾਂ ਨੂੰ ਭੁੰਨਾ ਕੇ ਉਹ ਭੱਠੀ ਵਾਲ਼ੀ ਨੂੰ ਉਸ ਨੂੰ ਛੇਤੀ ਤੋਰਨ ਲਈ ਕਹਿੰਦਾ ਹੈ ਅਤੇ ਆਪਣੇ ਦੁੱਖਾਂ ਦੇ ਪਰਾਗੇ ਨੂੰ ਚੰਗੀ ਤਰ੍ਹਾਂ ਰਾੜ੍ਹਨ ਵਾਸਤੇ ਕਹਿੰਦਾ ਹੈ ਤਾਂ ਕਿ ਉਹ ਕੱਚੇ ਨਾ ਰਹਿ ਜਾਣ। ਉਹ ਭੱਠੀ ਵਾਲ਼ੀ (ਮੌਤ) ਉਸ ਦੇ ਦਾਣੇ ਭਾਵ ਦੁੱਖ ਛੇਤੀ ਭੁੰਨਣ ਦੀਆਂ ਮਿੰਨਤਾਂ ਕਰਦਾ ਹੈ ਤਾਂ ਕਿ ਇਹ ਜ਼ਿੰਦਗੀ ਦਾ ਪੁਆੜਾ ਖ਼ਤਮ ਹੋ ਜਾਵੇ ਅਤੇ ਉਹ ਮੌਤ ਦੀ ਗੋਦ ਵਿੱਚ ਸੌਂ ਜਾਵੇ।

7. **ਬਹੁ-ਵਿਕਲਪੀ** ਪ੍ਰਸ਼ਨਾਂ ਦੇ ਉੱਤਰ (4X1)=4

**(i)** (**C**) ਛਹਿਬਰ

**(ii)** (**B**) ਕਵੀ ਦੀਆਂ ਅੱਖਾਂ

**(iii)** (**D**) ਨੰਦ ਲਾਲ ਨੂਰਪੁਰੀ

**(iv)** (**B**) ਲਹੂ

## ਕਹਾਣੀਆਂ ਵਿੱਚੋਂ 6+5+8=**19**

8. ਕਰਤਾਰ ਸਿੰਘ ਦੁੱਗਲ ਦੀ ਕਹਾਣੀ 'ਨੀਲੀ' ਵਿੱਚ ਕਹਾਣੀਕਾਰ ਨੇ ਪਸ਼ੂਆਂ ਦੀ ਸੰਵੇਦਨਸ਼ੀਲਤਾ ਨੂੰ ਬੜੇ ਮਾਰਮਿਕ ਢੰਗ ਨਾਲ਼ ਵਰਨਣ ਕੀਤਾ ਹੈ। ਗਾਂ ਦਾ ਮਾਨਵੀਕਰਨ ਲੇਖਕ ਨੇ ਉਸ ਦੇ ਮਨੋ-ਭਾਵਾਂ ਨੂੰ ਉਸ ਦੇ ਦ੍ਰਿਸ਼ਟੀਕੋਣ ਤੋਂ ਚਿਤਰਿਆ ਹੈ। ਗਊ 'ਨੀਲੀ' ਜਿੰਨੀ ਦੇਰ ਤੱਕ ਦੁੱਧ ਦਿੰਦੀ ਹੈ, ਉਸ ਨੂੰ ਚੰਗਾ ਚਾਰਾ ਮਿਲਦਾ ਹੈ। ਜਦੋਂ ਉਸ ਦੀ ਵੱਛੀ ਜੰਮਦੀ ਹੈ ਤਾਂ ਗਵਾਲਾ ਆਪਣੀਆਂ ਆਰਥਿਕ ਮਜ਼ਬੂਰੀਆਂ ਕਾਰਨ ਵੱਛੀ ਦੇ ਪੀਣ ਲਈ ਦੁੱਧ ਨਹੀਂ ਛੱਡਦਾ, ਬਲਕਿ ਸਾਰਾ ਦੁੱਧ ਵੇਚ ਦਿੰਦਾ ਹੈ। ਨਤੀਜੇ ਵਜੋਂ ਵੱਛੀ ਮਰ ਜਾਂਦੀ ਹੈ ਤੇ ਨੀਲੀ ਏਨੀ ਉਦਾਸ ਹੋ ਜਾਂਦੀ ਹੈ ਕਿ ਉਹ ਤਿੰਨ ਦਿਨ ਤੱਕ ਕੁਝ ਵੀ ਖਾਂਦੀ-ਪੀਂਦੀ ਨਹੀਂ। ਗਵਾਲਾ ਉਸ ਨੂੰ ਮਸਾਲੇ ਨਾਲ਼ ਚਾਰਾ ਦਿੰਦਾ ਹੈ, ਪਿਆਰ ਕਰਦਾ ਹੈ ਤਾਂ ਤਿੰਨ ਦਿਨ ਬਾਅਦ ਉਹ ਚਾਰਾ ਖਾਂਦੀ ਹੈ ਪਰ ਵਾਰ-ਵਾਰ ਕੋਸ਼ਿਸ਼ ਕਰਨ ਉੱਤੇ ਵੀ ਉਹ ਦੁੱਧ ਨਹੀਂ ਚੋਣ ਦਿੰਦੀ ਤਾਂ ਗਵਾਲੇ ਨੂੰ ਉਹ ਬੁਰੀ ਲੱਗਦੀ ਹੈ ਤੇ ਉਹ ਚਾਰੇ ਦੀ ਟੋਕਰੀ ਉਸ ਅੱਗੇ ਚੁੱਕ ਕੇ ਤੁਰ ਪੈਂਦਾ ਹੈ। ਇਹ ਕਹਾਣੀ ਨੀਲੀ ਦੇ ਮਨੋਭਾਵਾਂ ਨੂੰ ਉਘਾੜਦੀ ਹੈ। ਗਵਾਲਾ ਉਸ ਨੂੰ ਕੇਵਲ ਦੁੱਧ ਦੇਣ ਦਾ ਸਾਧਨ ਸਮਝਦਾ ਹੈ, ਜਦ ਕਿ ਨੀਲੀ ਮਾਂ ਵੀ ਹੈ। ਵੱਛੀ ਦੇ ਮਰਨ 'ਤੇ ਉਸ ਦੀ ਮਮਤਾ ਵਲੂੰਧਰੀ ਜਾਂਦੀ ਹੈ। ਗਵਾਲਾ

ਉਸ ਦੇ ਦੁੱਖ ਨੂੰ ਸਮਝਣ ਤੋਂ ਅਸਮਰਥ ਹੈ।

**ਜਾਂ**

'ਸਾਂਝ' ਕਹਾਣੀ ਦਾ ਮੁੱਖ ਪਾਤਰ ਪ੍ਰੋ. ਐਮ.ਐਲ. ਮਲ੍ਹੋਤਰਾ ਪੜ੍ਹਿਆ ਲਿਖਿਆ ਪਰ ਗਰੀਬ ਪ੍ਰੋਫ਼ੈਸਰ ਹੈ। ਉਸ ਨੂੰ ਬੁੱਢੇ ਵਾਰੇ ਨੌਕਰੀ ਮਿਲੀ ਹੈ ਅਤੇ ਮੁਢਲੀ ਤਨਖ਼ਾਹ ਉੱਤੇ ਹੀ ਗੁਜ਼ਾਰਾ ਕਰਨਾ ਪੈਂਧਾ ਹੈ। ਉਹ ਜੇਠ ਮਹੀਨੇ ਦੀ ਗਰਮੀ ਵਿੱਚ ਵੀ ਆਪ ਸਾਈਕਲ ਚਲਾ ਕੇ ਕਾਲਜ ਆਉਂਦਾ ਜਾਂਦਾ ਹੈ। ਭਾਵੇਂ ਉਹ ਗਰੀਬ ਹੈ ਪਰ ਉਸ ਦੀ ਗਰੀਬੀ ਚਿੱਟੀ ਪਤਲੂਨ ਅਤੇ ਬੁਸ਼ਰਟ ਕਰਕੇ ਵਿਖਾਈ ਨਹੀਂ ਦਿੰਦੀ। ਉਹ ਇੱਕ ਸੰਵੇਦਨਸ਼ੀਲ ਵਿਅਕਤੀ ਹੈ, ਇਸ ਲਈ ਮਾਈ ਦੀ ਮਦਦ ਕਰਨਾ ਚਾਹੁੰਦਾ ਹੈ, ਉਹ ਚੀਰੇ ਵਾਲ਼ੇ ਨੂੰ ਪੱਥਰ ਦਿਲ ਇਨਸਾਨ ਸਮਝਦਾ ਹੈ, ਜਿਸ ਨੇ ਮਾਈ ਦੀ ਮਦਦ ਨਹੀਂ ਕੀਤੀ। ਉਹ ਇੱਕ ਮਜ਼ਬੂਰ ਪਿਤਾ ਵੀ ਹੈ। ਉਸ ਦੇ ਪੁੱਤਰ ਨੇ ਉਸ ਕੋਲੋਂ ਰਸ ਖਾਣ ਦੀ ਫਰਮਾਇਸ਼ ਕੀਤੀ ਸੀ, ਉਹ ਪੁੱਤਰ ਲਈ ਰਸ ਲੈ ਕੇ ਜਾਣਾ ਚਾਹੁੰਦਾ ਹੈ, ਉਸ ਨੇ ਧੋਬੀ ਦੇ ਪੈਸੇ ਵੀ ਦੇਣੇ ਹਨ। ਉਸ ਦੀ ਜੇਬ ਵਿੱਚ ਤਾਂ ਬਸ ਤੀਹ ਪੈਸੇ ਸਨ, ਇਸ ਲਈ ਉਹ ਚਾਹੁੰਦਿਆਂ ਹੋਇਆਂ ਵੀ ਮਾਈ ਨੂੰ ਬੱਸ ਦੀ ਟਿਕਟ ਨਹੀਂ ਲੈ ਕੇ ਦੇ ਸਕਦਾ। ਉਹ ਇੱਕ ਚੰਗਾ ਇਨਸਾਨ ਹੈ। ਭਾਵੇਂ ਉਸ ਨੂੰ ਮਾਈ ਦੇ ਮੈਲੇ-ਕੁਚੈਲੇ ਕਪੜਿਆਂ ਤੋਂ ਘ੍ਰਿਣਾ ਆਉਂਦੀ ਹੈ ਪਰ ਇਨਸਾਨੀਅਤ ਦੇ ਨਾਤੇ ਉਹ ਉਸ ਨੂੰ ਆਪਣੇ ਸਾਈਕਲ ਤੇ ਬਿਠਾਉਂਦਾ ਹੈ। ਬਾਅਦ ਵਿੱਚ ਜਦੋਂ ਚੀਰੇ ਵਾਲੇ ਨੌਜਵਾਨ ਮਾਈ ਦੀ ਮਦਦ ਲਈ ਮੁੜਦਾ ਹੈ ਤਾਂ ਹੁਣ ਉਸ ਨੂੰ ਉਹ ਇੱਕ ਹਮਦਰਦ ਅਤੇ ਸੰਵੇਦਨਸ਼ੀਲ ਇਨਸਾਨ ਲੱਗਦਾ ਹੈ ਅਤੇ ਦੋਹਾਂ ਵਿਚਕਾਰ ਇੱਕ ਸਾਂਝ ਬਣ ਜਾਂਦੀ ਹੈ।

**ਜਾਂ**

**(ਵਿਦਿਆਰਥੀ ਆਪਣੀ ਸਮਝ-ਸੂਝ ਮੁਤਾਬਿਕ ਵਿਭਿੰਨ ਪ੍ਰਕਾਰ ਦੇ ਉੱਤਰ ਦੇਣਗੇ। ਤੱਥਾਂ ਦੀ ਪ੍ਰਮਾਣਿਕਤਾ ਨੂੰ ਸਮਝਦੇ ਹੋਏ ਬਣਦੇ ਅੰਕ ਦਿੱਤੇ ਜਾਣ।)**

**9. ਬਹੁ-ਵਿਕਲਪੀ—** (5X1)=5

**(i)** (**C**) ਪ੍ਰੇਮ ਪ੍ਰਕਾਸ਼

**(ii)** (**B**) 40 ਸਾਲਾਂ ਤੋਂ

**(iii)** (**C**) ਵੱਛੀ ਲਈ

**(iv)** (**D**) ਉਹ ਆਪਣੀ ਵੱਛੀ ਦੇ ਮਰਨ ਤੋਂ ਦੁਖੀ ਸੀ।

**(v)** (**A**) 17 ਸਾਲ

**(vi)** (**A**) ਦੋ ਰੁਪਏ

10. ਪ੍ਰਸ਼ਨਾਂ ਦੇ **ਉੱਤਰ 25 ਤੋਂ 30 ਸ਼ਬਦਾਂ** ਵਿੱਚ— (4X2)=8

**(i)** ਜਦੋਂ ਲਾਲ ਚੀਰੇ ਵਾਲ਼ਾ ਨੌਜਵਾਨ ਸਾਈਕਲ ਸਵਾਰ ਮਾਈ ਨੂੰ ਬਿਨਾਂ ਸਾਈਕਲ ਉੱਤੇ ਬਿਠਾਏ ਅੱਗੇ ਲੰਘ ਗਿਆ ਸੀ ਤਾਂ ਲੇਖਕ ਨੂੰ ਉਹ ਪੱਥਰ ਦਿਲ ਜਾਪਿਆ ਸੀ ਪਰ ਜਦੋਂ ਸ਼ਹਿਰੋਂ ਵਾਪਸੀ 'ਤੇ ਓਹੀ ਨੌਜਵਾਨ ਮਾਈ ਨੂੰ ਉਸ ਦੇ ਪਿੰਡ ਤਾਈਂ ਛੱਡ ਆਉਣ ਬਾਰੇ ਆਖਦਾ ਹੈ ਤਾਂ ਪ੍ਰੋ. ਸਾਹਿਬ ਨੂੰ ਉਹ ਨੌਜਵਾਨ ਕੋਈ ਆਪਣਾ ਹੀ ਲੱਗਦਾ ਹੈ।

**(ii)** ਵੱਛੀ ਮਰਨ ਉੱਤੇ ਨੀਲੀ ਦੁੱਧ ਨਹੀਂ ਦੇ ਰਹੀ ਸੀ ਕਿਉਂਕਿ ਉਸ ਦਾ ਦਿਲ ਬਹੁਤ ਦੁਖੀ ਸੀ। ਉਸ ਨੂੰ ਆਪਣੀ ਵੱਛੀ ਦੀ ਯਾਦ ਆ ਰਹੀ ਸੀ। ਸ਼ਾਇਦ ਉਸ ਨੂੰ ਮਮਤਾ ਵੱਸ ਵੱਛੀ ਦੇ ਮਰਨ ਦਾ ਬਹੁਤ ਦੁੱਖ ਸੀ। ਉਸ ਨੇ ਕਈ ਦਿਨ ਕੁਝ ਖਾਧਾ-ਪੀਤਾ ਵੀ ਨਹੀਂ ਸੀ। ਸ਼ਾਇਦ ਉਹ ਇਹ ਵੀ ਸੋਚਦੀ ਹੈ ਕਿ ਗਵਾਲੇ ਨੇ ਸਵਾਰਥ ਵੱਸ ਵੱਛੀ ਨੂੰ ਦੁੱਧ ਨਾ ਪਿਲਾ ਕੇ ਮਾਰਿਆ ਹੈ।

**(iii)** ਮਾੜਾ ਬੰਦਾ ਕਹਾਣੀ ਵਿੱਚ ਲੇਖਕ ਦੱਸਦਾ ਹੈ ਕਿ ਰਿਕਸ਼ੇ ਵਾਲ਼ਾ ਕਮੀਨਾ ਹੈ। ਉਸ ਦੀਆਂ ਨਜ਼ਰਾਂ ਭੁੱਖੀਆਂ ਸਨ। ਉਹ ਦੋ ਰੁਪਇਆਂ ਦੀ ਥਾਂ ਝਗੜਾ ਕਰਕੇ ਤਿੰਨ ਰੁਪਏ ਲੈਣਾ ਚਾਹੁੰਦਾ ਸੀ। ਲੇਖਕ ਰਿਕਸ਼ੇ ਵਾਲ਼ੇ ਨੂੰ ਬੇਵਕੂਫ਼ ਤੇ ਜਾਹਲ ਸਮਝਦਾ ਹੈ। ਲੇਖਕ ਸੋਚਦਾ ਹੈ ਕਿ ਉਹ ਇੱਕ ਰੁਪਈਆ ਵੱਧ ਲੈਣ ਕਾਰਨ ਚੌਕ ਵਿੱਚ ਖੜ੍ਹਾ ਇੱਕ ਘੰਟਾ ਬਰਬਾਦ ਕਰ ਦਿੰਦਾ ਹੈ ਜਦਕਿ ਇੰਨੇ ਸਮੇਂ ਵਿੱਚ ਉਹ ਪੰਜ ਰੁਪਏ ਕਮਾ ਸਕਦਾ ਹੈ।

**(iv)** ਅਨੰਦ ਕਾਰਜ ਕਰਾਉਣ ਵਾਲ਼ੇ ਭਾਈ ਨੇ ਜੀਤੋ ਨੂੰ ਸਿੱਖਿਆ ਦਿੰਦਿਆਂ ਕਿਹਾ ਸੀ ਕਿ ਉਸ ਨੇ ਸਹੁਰੇ ਘਰ ਜਾ ਕੇ ਅਧੀਨਗੀ, ਸਹਿਣਸ਼ੀਲਤਾ, ਮਿੱਠਾ ਬੋਲਣਾ ਤੇ ਨਿਮਰਤਾ ਭਰਪੂਰ ਜੀਵਨ ਗੁਜ਼ਾਰਨਾ ਹੈ। ਉਸ ਦਾ ਪਤੀ ਹੀ ਉਸ ਲਈ ਪਰਮੇਸ਼ਰ ਹੈ, ਉਸ ਨੇ ਹਰ ਕੰਮ ਉਸ ਦੀ ਸਲਾਹ ਨਾਲ਼ ਕਰਨਾ ਹੈ। ਉਸ ਦੇ ਪੁੱਛੇ ਬਗ਼ੈਰ ਕੋਈ ਕੰਮ ਨਹੀਂ ਕਰਨਾ। ਪਤੀ ਨੂੰ ਖੁਸ਼ ਰੱਖਣ ਲਈ ਉਸ ਨੂੰ ਨਿਵਣ, ਖਵਣ ਆਦਿ ਗੁਣ ਅਪਨਾਉਣੇ ਚਾਹੀਦੇ ਹਨ।

**(v)** ਜੀਤੋ ਦੇ ਵੀਰ ਦਾ ਗੱਚ ਇਸ ਕਰਕੇ ਭਰ ਆਇਆ ਸੀ ਕਿ ਜੀਤੋ ਕਾਰ ਵਿੱਚ ਬਹੁਤ ਰੋ ਰਹੀ ਸੀ। ਉਸ ਨੇ ਵੀਰ ਦੇ ਦਿੱਤੇ ਰੁਪਏ ਕਾਰੋਂ ਬਾਹਰ ਸੁੱਟ ਦਿੱਤੇ ਸਨ ਤੇ ਭਰਾ ਨੂੰ ਜੱਫ਼ੀ ਪਾ ਕੇ ਬਹੁਤ ਰੋਈ ਸੀ।

**ਜਾਂ**

**(ਵਿਦਿਆਰਥੀ ਆਪਣੀ ਸਮਝ-ਸੂਝ ਮੁਤਾਬਿਕ ਵਿਭਿੰਨ ਪ੍ਰਕਾਰ ਦੇ ਉੱਤਰ ਦੇਣਗੇ। ਤੱਥਾਂ ਦੀ ਪ੍ਰਮਾਣਿਕਤਾ ਨੂੰ ਸਮਝਦੇ ਹੋਏ ਬਣਦੇ ਅੰਕ ਦਿੱਤੇ ਜਾਣ।)**

## ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ 13

**11. ਬਹੁ-ਵਿਕਲਪੀ** ਪ੍ਰਸ਼ਨਾਂ ਦੇ ਉੱਤਰ— (5X1)=5

**(i) (B)** ਮੌਸਮਾਂ, ਰੁੱਤਾਂ ਤੇ ਤਿਉਹਾਰਾਂ ਨਾਲ

**(ii) (A)** ਛੇਵੇਂ

**(iii) (D)** ਬੱਚਿਆਂ ਦੀ

**(iv) (A)** ਜਗੀਰਦਾਰ ਦੀ

**(v) (C)** ਗਿੱਧਾ

**12.** ਪ੍ਰਸ਼ਨਾਂ ਦੇ **ਉੱਤਰ 70 ਤੋਂ 80 ਸ਼ਬਦਾਂ** ਵਿੱਚ— (4X2)=8

**(i)** ਜਨਮ ਨਾਲ਼ ਸੰਬੰਧਤ ਰਸਮ-ਰਿਵਾਜ ਬੱਚੇ ਦੇ ਪੈਦਾ ਹੋਣ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦੇ ਹਨ। ਪਹਿਲੇ ਸਮੇਂ ਵਿੱਚ ਪ੍ਰੇਤ-ਰੂਹਾਂ ਤੋਂ ਬਚਣ ਲਈ ਗਰਭ ਦੇ ਤੀਜੇ, ਪੰਜਵੇਂ ਤੇ ਸੱਤਵੇਂ ਮਹੀਨੇ ਵਿੱਚ ਔਰਤ ਦੇ ਪੱਲੇ ਵਿੱਚ ਅਨਾਜ ਪਾਇਆ ਜਾਂਦਾ ਸੀ। ਉਹ ਇਸ ਅਨਾਜ ਨੂੰ ਬਣਾ ਕੇ ਖਾਂਦੀਆਂ ਸੀ ਤੇ ਭਾਈਚਾਰੇ ਵਿੱਚ ਵੀ ਵੰਡਦੀ ਸੀ। ਇਹ ਰਸਮ ਕਰਨ ਵੇਲੇ ਪਤੀ ਪਤਨੀ, ਪਤਨੀ ਦੇ ਪੇਕਿਆਂ ਵੱਲੋਂ ਭੇਜੇ ਕੱਪੜੇ ਪਹਿਨ ਕੇ ਜਠੇਰਿਆਂ ਦੀ ਪੂਜਾ ਕਰਦੇ ਸਨ। ਬੱਚਾ ਪੈਦਾ ਹੋਣ ਤੋਂ ਬਾਅਦ, ਬੱਚੇ ਤੇ ਉਸ ਦੀ ਮਾਂ ਨੂੰ ਧੂਫ਼ ਦਿੱਤੀ ਜਾਂਦੀ ਸੀ ਜਾਂ ਦੀਵਾ ਬਾਲ ਕੇ ਰੱਖਿਆ

ਜਾਂਦਾ ਸੀ। ਜਿਹੜਾ ਲਗਾਤਾਰ ਦਸ ਦਿਨ ਜਗਦਾ ਰਹਿੰਦਾ ਸੀ। ਜਨਮ ਤੋਂ ਇੱਕਦਮ ਬੱਚੇ ਨੂੰ ਕੋਈ ਮਿੱਠੀ ਚੀਜ਼ (ਗੁੜ, ਸ਼ਹਿਦ ਜਾਂ ਦੁੱਧ) ਆਦਿ ਉਸ ਦੇ ਮੂੰਹ ਨੂੰ ਲਗਾਇਆ ਜਾਂਦਾ ਸੀ। ਇਸ ਰਸਮ ਨੂੰ 'ਗੁੜ੍ਹਤੀ ਦੇਣਾ' ਕਿਹਾ ਜਾਂਦਾ ਹੈ। ਬੱਚੇ ਦੇ ਜਨਮ ਤੋਂ ਪੰਜ ਦਿਨ ਮਗਰੋਂ 'ਪੰਜਵੀਂ-ਨਹਾਉਣ' ਦੀ ਰੀਤ ਸੀ। ਪੰਜਵੇਂ ਦਿਨ ਮਾਵਾਂ ਪਾਣੀ ਵਿੱਚ ਸੇਜੀ, ਮੇਥੀ ਜਾਂ ਵਣ ਕੇ ਪੱਤੇ ਉਬਾਲ ਕੇ ਨਹਾਉਂਦੀਆਂ ਸਨ। ਛੇਵੇਂ ਦਿਨ ਚੌਂਕ ਪੂਰ ਕੇ ਮਾਂ ਨੂੰ ਰੋਟੀ ਖੁਆਈ ਜਾਂਦੀ ਸੀ। ਇਸ ਨੂੰ ਪੰਜਾਬ ਵਿੱਚ 'ਛਟੀ' ਕਹਿੰਦੇ ਸਨ।

**(ii)** ਪੰਜਾਬ ਦੀਆਂ ਲੋਕ-ਖੇਡਾਂ ਦੀ ਸੰਭਾਲ ਅਤੇ ਇਹਨਾਂ ਨੂੰ ਮੁੜ ਸੁਰਜੀਤ ਕਰਨਾ ਅਤਿਅੰਤ ਜ਼ਰੂਰੀ ਹੈ ਕਿਉਂਕਿ ਇਹ ਸਾਡੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਅਤੇ ਸਾਡਾ ਮਾਣ-ਮੱਤਾ ਵਿਰਸਾ ਹਨ। ਇਹ ਸਾਨੂੰ ਸਰੀਰਕ ਬਲ ਦਿੰਦੀਆਂ ਹਨ। ਸਾਡਾ ਮਾਨਸਿਕ ਤੇ ਬੌਧਿਕ ਵਿਕਾਸ ਕਰਦੀਆਂ ਹਨ। ਸਾਡੇ ਅੰਦਰ ਸਦਭਾਵਨਾ, ਪਿਆਰ, ਭਾਈਚਾਰਾ ਆਦਿ ਗੁਣ ਪੈਦਾ ਕਰਦੀਆਂ ਹਨ। ਨਸ਼ਿਆਂ ਤੋਂ ਦੂਰ ਰੱਖਦੀਆਂ ਹਨ। ਸਾਡਾ ਮਨੋਰੰਜਨ ਕਰਕੇ ਰੂਹ ਨੂੰ ਖੇੜਾ ਤੇ ਸਰੀਰ ਨੂੰ ਤੰਦਰੁਸਤੀ ਬਖਸ਼ਦੀਆਂ ਹਨ ਅਤੇ ਵਧੀਆ ਜੀਵਨ-ਜਾਚ ਸਿਖਾਉਂਦੀਆਂ ਹਨ।

**(iii)** ਪੰਜਾਬ ਵਿੱਚ ਲਗਾਤਾਰ ਬਦਲ ਰਹੀਆਂ ਪਰਿਸਥਿਤੀਆਂ ਲੋਕ-ਨਾਚਾਂ ਵਿੱਚ ਬਚੇ ਸਾਰੇ ਬਦਲਾਅ ਲੈ ਕੇ ਆਈਆਂ। ਪੰਜਾਬ ਦੇ ਲੋਕ-ਨਾਚ ਪਿੰਡਾਂ, ਪਿੜਾਂ ਤੇ ਖੇਤਾਂ ਤੋਂ ਲੈ ਕੇ ਸਟੇਜ, ਫ਼ਿਲਮਾਂ ਤੇ ਟੈਲੀਵਿਜ਼ਨ ਤੱਕ ਦੇ ਸਫ਼ਰ ਤੈਅ ਕਰ ਚੁੱਕੇ ਹਨ। ਇਸ ਪੜਾਅ ਤੱਕ ਪਹੁੰਚ ਕੇ ਇਹਨਾਂ ਵਿੱਚ ਕਾਫ਼ੀ ਬਦਲਾਅ ਆ ਚੁੱਕੇ ਹਨ। ਇਹ ਬਦਲਾਅ ਮੁਦਰਾਵਾਂ ਦੇ ਸੰਚਾਲਨ, ਨਵੇਂ ਸਿਰਜੇ ਗੀਤ, ਬੋਲੀਆਂ, ਸਟੇਜ ਦੀਆਂ ਜ਼ਰੂਰਤਾਂ, ਪੁਸ਼ਾਕਾਂ, ਹਾਰ-ਸ਼ਿੰਗਾਰ ਤੇ ਸਾਜ਼-ਸੰਗੀਤ ਆਦਿ ਵਿੱਚ ਛਲਕਦੇ ਹਨ। ਕੋਈ ਵੀ ਤਬਦੀਲੀ ਸੱਭਿਆਚਾਰਕ ਇਤਿਹਾਸਕ ਕਦਰਾਂ-ਕੀਮਤਾਂ ਨੂੰ ਮੁੱਖ ਰੱਖ ਕੇ ਕਰਨੀ ਤਾਂ ਠੀਕ ਹੈ ਪਰ ਇਸ ਉਦੇਸ਼ ਲਈ ਵਿਦੇਸ਼ੀ ਪ੍ਰਭਾਵ ਤੋਂ ਬਚਣਾ ਜ਼ਰੂਰੀ ਹੈ।

**ਜਾਂ**

**(ਵਿਦਿਆਰਥੀ ਆਪਣੀ ਸਮਝ-ਸੂਝ ਮੁਤਾਬਿਕ ਵਿਭਿੰਨ ਪ੍ਰਕਾਰ ਦੇ ਉੱਤਰ ਦੇਣਗੇ। ਤੱਥਾਂ ਦੀ ਪ੍ਰਮਾਣਿਕਤਾ ਨੂੰ ਸਮਝਦੇ ਹੋਏ ਬਣਦੇ ਅੰਕ ਦਿੱਤੇ ਜਾਣ।)**